ਅਰਮਾਨ (ARMAAN)
Vol. 3 | Issue 3 | July-Sep. 2025

ISSN: 2583-9446 (O)
Paper Published Id: ARMN030307
Available online at: www.armaan.org.in
DOI: https://doi.org/10.64119/armaan.vol.3.issue3.07

# ਸੱਭਿਅਕ ਸਮਾਜ ਦੀ ਸਿੱਖਿਆ ਪ੍ਰਣਾਲੀ ਦਾ ਸਰੂਪ : ਉੱਜਵਲ ਆਸ਼ਾ

## SABHIYAK SMAJ DI SIKHIA PARNALI DA SAROOP: UJVAL ASHA

**ਡਾ. ਲਖਵੀਰ ਲੈਜ਼ੀਆ** (Dr. Lakhvir Lezia)

**ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ** (Assistant Professor, Punjabi Department)

**ਪੰਜਾਬ ਕੇਂਦਰੀ ਯੂਨੀਵਰਸਿਟੀ, ਘੁੱਦਾ , ਬਠਿੰਡਾ** (ਪੰਜਾਬ)

Email ID: ezia.lakhvir@gmail.com ਮੋਬਾਈਲ: +91-*75890-88435*

***ਸਾਰ (Abstract)***

ਨਾਵਲਕਾਰ ਨੇ ਗਲਪੀ ਵਿਵੇਕ ਦੁਆਰਾ ਸਮਾਜਿਕ ਪੱਧਰ ਉੱਤੇ ਫ਼ੈਲੀਆਂ ਹਰ ਤਰ੍ਹਾਂ ਦੀਆਂ ਕਰੂਰਤਾਵਾਂ ਤੇ ਕੁਰੀਤੀਆਂ ਨੂੰ ਦੂਰ ਕਰਨ ਦਾ ਜਿਹੜਾ ਮਾਡਲੀ ਰੂਪ ਪ੍ਰਦਾਨ ਕੀਤਾ ਉਹ ਸਿੱਖਿਅਕ ਢਾਂਚਾ ਹੈ। ਕਿਸੇ ਵੀ ਸੱਭਿਅਕ ਸਮਾਜ ਨੂੰ ਸਮਰਿੱਧ ਤੇ ਸ਼ਕਤੀਸ਼ਾਲੀ ਹੋਣ ਦੇ ਨਾਲ-ਨਾਲ ਨੈਤਿਕ ਮੁੱਲ ਪ੍ਰਬੰਧ ਦਾ ਹੋਣਾ ਵੀ ਅਤਿ ਜ਼ਰੂਰੀ ਹੈ, ਤਾਂ ਕਿ ਉਸ ਨੂੰ ਸੰਗਠਿਤ ਤੇ ਵਿਵਸਥਿਤ ਰੱਖਿਆ ਜਾ ਸਕੇ। ਨਾਵਲ ਵਿਚਲੇ ਇਤਿਹਾਸਿਕ ਤੱਥਾਂ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ, ਜਿਹੜੀ ਪੁਰਾਣੀ ਸਿੱਖਿਆ ਨੀਤੀ ਦਾ ਥੰਮ ਸੀ। ਪ੍ਰੰਤੂ ਸਮੇਂ ਦੀ ਗੁਲਾਮੀਅਤ ਨੇ ਭਾਰਤ ਦੇ ਸਿੱਖਿਅਕ ਢਾਂਚੇ ਦਾ ਨਾਸ਼ ਕੀਤਾ ਤੇ ਜਬਰੀ ਆਪਣੀਆਂ ਨੀਤੀਆਂ ਥੋਪੀਆਂ। ਨਾਵਲਕਾਰ ਨੇ ਆਪਣੀ ਵਿਗਿਆਨਕ ਦ੍ਰਿਸ਼ਟੀ ਰਾਹੀਂ ਉਪਰੋਕਤ ਸਮੱਸਿਆਵਾਂ ਦੇ ਹੱਲ ਲਈ ਅਤੇ ਅਮਲੀ ਪੱਧਰ ‘ਤੇ ਸੱਭਯ ਸਮਾਜ ਬਣਾਉਣ ਲਈ ਨੈਤਿਕ ਕਦਰਾਂ-ਕੀਮਤਾਂ ਅਤੇ ਮੁੱਲ ਪ੍ਰਬੰਧ ਨਾਲ ਪ੍ਰਨਾਈ ਸਿੱਖਿਆ ਨੂੰ ਕੇਂਦਰ ਵਿੱਚ ਰੱਖਿਆ ਹੈ। ਆਸ਼ਾ ਦੀ ਕਿਰਨ ਨੂੰ ਸਾਕਾਰ ਰੂਪ ਪ੍ਰਦਾਨ ਕਰਨ ਦਾ ਮਾਧਿਅਮ ਸਿੱਖਿਆ ਹੀ ਹੈ, ਜਿਸ ਦੀ ਆਸ਼ਾ ਵਿੱਚ ਉਜਵਲ ਭਵਿੱਖ ਦੀ ਕਾਮਨਾ ਕੀਤੀ ਜਾ ਸਕਦੀ ਹੈ। ਨਾਵਲਕਾਰ ਨੇ ਆਪਣੇ ਇਸ ਗਲਪੀ ਬਿਰਤਾਂਤ ਵਿੱਚ ਦੇਸ਼ ਨਹੀਂ, ਸਗੋਂ ਵਿਸ਼ਵ-ਵਿਆਪੀ ਵਰਤਾਰੇ 'ਚ ਵਾਪਰ ਰਹੀ ਸਮਕਾਲੀ ਸੰਕਟ ਦੀ ਪੇਸ਼ਕਾਰੀ ਕੀਤੀ ਹੈ।

***ਕੀਵਰਡ (Keyword): ਗਲਪੀ, ਬ੍ਰਹਿਮੰਡ, ਸੰਵਾਦ, ਪੁਰਾਣੀ, ਸਿੱਖਿਆ, ਨੀਤੀ, ਵਿਗਿਆਨਕ, ਦ੍ਰਿਸ਼ਟੀ, ਸਿੱਖਿਅਕ ਢਾਂਚੇ।***

ਰਜਿੰਦਰ ਬਿਬਰਾ ਪੰਜਾਬੀ ਨਾਵਲ ਜਗਤ ਵਿੱਚ ਨਿਵੇਕਲਾ ਤੇ ਵਿਲੱਖਣ ਨਾਵਲਕਾਰ ਹੈ। ਉਸ ਦੀ ਬੌਧਿਕ ਪ੍ਰਤਿਭਾ ਬਹੁ-ਪੱਖੀ ਤੇ ਬਹੁ-ਪਸਾਰੀ ਹੈ। ਇਹੀ ਕਾਰਨ ਹੈ ਉਸ ਦਾ ਨਾਵਲੀ ਜਗਤ ਵਸਤ, ਵਿਧਾ ਤੇ ਦ੍ਰਿਸ਼ਟੀ ਪੱਖੋਂ ਪੰਜਾਬੀ ਨਾਵਲ 'ਚ ਇੱਕ ਵੱਖਰੀ ਤੇ ਵਿਸ਼ੇਸ਼ ਪਿਰਤ ਪਾਉਂਦਾ ਹੈ। ਉਸ ਦੀ ਰਚਨਾ ਵਸਤ ਦਾ ਘੇਰਾ ਵਿਸ਼ਵ ਪੱਧਰ ਤੋਂ ਲੈ ਕੇ ਬ੍ਰਹਿਮੰਡ ਤੱਕ ਪਸਰਿਆ ਹੋਇਆ ਹੈ। ਉਹ ਆਪਣੇ ਗਲਪੀ ਸੰਸਾਰ ਵਿੱਚ ਸਮੁੱਚੇ ਬ੍ਰਹਿਮੰਡ ਨਾਲ ਸੰਵਾਦ ਰਚਾਉਂਦਾ ਹੈ। ਸਥੂਲ ਤੋਂ ਸੂਖ਼ਮ ਤੱਕ ਦੀ ਯਾਤਰਾ ਕਿਧਰੇ ਵੀ ਭੌਤਿਕਤਾ ਤੋਂ ਨਿਰਲੇਪ ਨਹੀਂ ਹੁੰਦੀ, ਸਗੋਂ ਪਰਾਭੌਤਿਕਤਾ ਨਾਲ ਸੰਵਾਦ ਰਚਾਉਂਦੀ ਹੋਈ ਵੀ ਵਿਸ਼ਵ-ਵਿਆਪੀ ਸਰੋਕਾਰਾਂ ਵਿੱਚ ਲੁਪਤ ਹੁੰਦੀ ਹੈ। ਮਾਨਵੀਕਰਨ ਦੇ ਸਰੋਕਾਰਾਂ ਨਾਲ ਪ੍ਰਨਾਈ ਹੋਈ ਉਸ ਦੀ ਚੇਤਨਾ ਭੌਤਿਕ ਤੇ ਪਰਾਭੌਤਿਕ ਵਿਚਾਲੇ ਕਦੇ ਵੀ ਦਵੰਦ ਨਹੀਂ ਸਿਰਜਦੀ, ਬਲਕਿ ਦੋਵਾਂ ਦੀ ਸੰਪੂਰਨਤਾ ਇੱਕ ਦੂਸਰੇ ਦਾ ਸੁਮੇਲ ਪ੍ਰਤੀਤ ਹੁੰਦੀ ਹੈ। ਇਸੇ ਕਾਰਨ ਉਸ ਦੇ ਨਾਵਲਾਂ ਵਿੱਚ ਮਾਨਵ ਕੇਂਦਰ ਵਿੱਚ ਹੈ, ਪ੍ਰੰਤੂ ਉਸ ਦਾ ਰਚਨਾ ਵਸਤ ਵਿਚਲੇ ਮਾਨਵ ਦਾ ਨਿਕਾਸ ਤੇ ਵਿਕਾਸ ਅਜਿਹੇ ਸਮਾਜ ਵਿੱਚ ਕਰਨਾ ਲੋਚਦਾ ਹੈ ਜੋ ਮਾਨਵਵਾਦੀ ਤੇ ਮਾਨਵਪੱਖੀ ਹੋਵੇ। ਇਸ ਨੂੰ ਅਮਲੀ ਪੱਧਰ ਉੱਤੇ ਲਿਆਉਣ ਲਈ ਉਹ ਸਿੱਖਿਆ ਸੰਪੰਨ ਇੱਕ ਸਭਯ ਸਮਾਜ ਦਾ ਮਾਡਲੀ ਰੂਪ ਪੇਸ਼ ਕਰਦਾ ਹੈ। ਉਸ ਦੀ ਇਹ ਦ੍ਰਿਸ਼ਟੀ ਵਿਗਿਆਨਕ ਯਥਾਰਥਵਾਦ ਦੀ ਧਾਰਨੀ ਹੈ। ਉਸ ਦਾ ਇਹ ਵਿਗਿਆਨਕ ਯਥਾਰਥਵਾਦ ਵਿਅਕਤੀ ਤੋਂ ਸਮਾਜ ਤੱਕ, ਦੇਸ਼ ਤੋਂ ਵਿਸ਼ਵ ਅਤੇ ਵਿਸ਼ਵ ਤੋਂ ਬ੍ਰਹਮੰਡ ਤੱਕ ਦੇ ਸਮੁੱਚੇ ਕਲੇਵਰ ਨੂੰ ਆਪਣੀ ਕਲਮ ਦੀ ਧਾਰ ਹੇਠ ਲਿਆਉਂਦਾ ਹੈ, ਜਿਸ ਵਿੱਚ ਸਧਾਰਨ ਪੱਧਰ ਉੱਤੇ ਵਿਚਰ ਰਹੇ ਮਾਨਵ ਦੀਆਂ ਬਹੁ-ਪੱਖੀ ਸਮੱਸਿਆਵਾਂ ਨੂੰ ਉਹ ਸਧਾਰਨ ਮਾਨਵ ਵੱਲੋਂ ਪੈਦਾ ਕੀਤੀ ਨਿੱਜਤਾਵਾਦੀ ਤੇ ਨਿਯੰਤਰਿਤ ਅਰਥ-ਵਿਵਸਥਾ ਦੀਆਂ ਮਾਨਵ ਵਿਰੋਧੀ ਨੀਤੀਆਂ ਦਾ ਸ਼ਿਕਾਰ ਹੁੰਦਾ ਹੈ। ਵਿਅਕਤੀਗਤ ਹਿੱਤ ਸਾਧਣ ਲਈ ਕੀਤੇ ਗਏ ਯਤਨ ਮਾਨਵ ਹਿਤਕਾਰੀ ਨਹੀਂ ਹੁੰਦੇ, ਜਿਸ ਦਾ ਸੰਤਾਪ ਆਮ ਵਿਅਕਤੀ ਸਾਰੀ ਜ਼ਿੰਦਗੀ ਭੋਗਦਾ ਹੈ।

ਬਿਬਰਾ ਨੇ ਆਪਣੇ ਇਸ ਗਲਪੀ ਬਿਰਤਾਂਤ ਵਿੱਚ ਵਿਅਕਤੀ ਵਿਸ਼ੇਸ਼ ਦੇ ਯਤਨਾਂ ਦੁਆਰਾ ਸੰਤਾਪ ਦੇ ਭੋਗਣਹਾਰਿਆਂ ਦਾ ਸੰਤਾਪ ਸਮਾਪਤ ਕਰਨ ਦੇ

ਜਿਹੜੇ ਯੋਗ ਤੇ ਅਯੋਗ ਯਤਨ ਕੀਤੇ ਜਾ ਰਹੇ ਹਨ, ਉਹਨਾਂ ਦੀ ਯਥਾਰਥਕ ਤਸਵੀਰ ਪੇਸ਼ ਕੀਤੀ ਹੈ। ਸਮਾਜ ਅਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਘੁਣ ਵਾਂਗ ਖਾ ਰਿਹਾ ਭ੍ਰਿਸ਼ਟਾਚਾਰ ਮਰਜੀਵੜੇ ਲੋਕਾਂ ਦਾ ਲਹੂ ਚੂਸ ਕੇ ਵੱਧਦਾ ਫੁੱਲਦਾ ਹੈ, ਜਿਸ ਵਿੱਚ ਉਹਨਾਂ ਦੀ ਜ਼ਿੰਦਗੀ ਉਹਨਾਂ ਦੀ ਲੋੜੀਂਦੀਆਂ ਵਸਤਾਂ ਤੋਂ ਵੀ ਸੱਖਣੀ ਹੋ ਜਾਂਦੀ ਹੈ। ਆਰਥਿਕ ਤੌਰ 'ਤੇ ਵੱਧ ਰਿਹਾ ਇਹ ਪਾੜਾ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੰਦਾ। ਨਿੱਜੀ ਮਲਕੀਅਤ ਦੀ ਇਸ ਹੋੜ ਵਿੱਚ ਮਾਨਵੀ ਕਦਰਾਂ-ਕੀਮਤਾਂ ਦਾ ਘਾਣ ਹੁੰਦਾ ਹੈ। ਨਾਵਲਕਾਰ ਨੇ ਇਸ ਨਾਵਲ ਵਿੱਚ ਤਿੰਨ ਸਥਿਤੀਆਂ ਵਿਸ਼ਵ-ਵਿਆਪੀ ਪ੍ਰਸੰਗ ਵਿੱਚ ਪੇਸ਼ ਕੀਤੀਆਂ ਹਨ ਤੇ ਹਰ ਪੱਧਰ 'ਤੇ ਕੇਂਦਰ ਵਿੱਚ ਸਿੱਖਿਆ ਅਤੇ ਪੈਸਾ ਹੈ। ਦੋਵਾਂ ਦੀ ਵਰਤੋਂ ਜਾਂ ਫਿਰ ਦੁਰਵਰਤੋਂ ਦਾ ਪ੍ਰਭਾਵ ਸਮਾਜਿਕ ਪੱਧਰ ਤੱਕ ਵਿਸ਼ਵ-ਵਿਆਪੀ ਹੈ। ਇਸ ਦੇ ਗਲਪੀਕਰਨ ਲਈ ਨਾਵਲਕਾਰ ਨੇ ਆਮ, ਬੌਧਿਕ, (ਬੁੱਧੀ ਜੀਵੀ ਵਰਗ) ਅਤੇ ਸਹਿਜ ਹੋ ਚੁੱਕੇ ਵਿਅਕਤੀ ਦਾ ਚਰਿੱਤਰ ਪੇਸ਼ ਕੀਤਾ ਹੈ।

ਰਜਿੰਦਰ ਬਿਬਰਾ ਦੀ ਬੌਧਿਕ ਪ੍ਰਤਿਭਾ ਦੀ ਸਿਰਜਣਕਾਰੀ '***ਉੱਜਵਲ ਆਸ਼ਾ***' ਇੱਕ ਅਜਿਹਾ ਨਾਵਲ ਹੈ, ਜਿਹੜਾ ਸਮੁੱਚੀ ਵਿਸ਼ਵੀ-ਵਿਵਸਥਾ ਦੀਆਂ ਸਮੱਸਿਆਵਾਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੋਇਆ, ਉਹਨਾਂ ਦਾ ਸਰਲੀਕਰਨ ਵੀ ਕਰਦਾ ਹੈ। ਨਾਵਲਕਾਰ ਨੇ ਆਪਣੀ ਸੂਖ਼ਮ ਤੇ ਪੈਨੀ ਦ੍ਰਿਸ਼ਟੀ ਦੁਆਰਾ ਵਿਵਸਥਾ ਵਿਚਲੀ ਖੋਟ ਉੱਤੇ ਕਟਾਕਸ਼ ਰਾਹੀਂ ਭਰਵੀਂ ਤਸਵੀਰਕਸ਼ੀ ਕੀਤੀ ਹੈ। ਪਰਿਵਾਰਿਕ ਪੱਧਰ ਤੋਂ ਲੈ ਕੇ ਸਮਾਜ, ਸਮਾਜ ਤੋਂ ਦੇਸ਼ ਅਤੇ ਦੇਸ਼ ਤੋਂ ਵਿਸ਼ਵ ਤੱਕ ਨੂੰ ਆਪਣੇ ਕਲੇਵਰ ਵਿੱਚ ਲੈਂਦਾ ਹੈ। ਬੌਧਿਕਤਾ ਦੇ ਇਸ ਸਤਰ ਤੋਂ ਸ਼ਾਇਦ ਹੀ ਕੋਈ ਅਜਿਹਾ ਖ਼ੇਤਰ ਹੋਵੇ, ਜੋ ਇਸ ਵਿੱਚ ਨਾ ਸਮਾਇਆ ਜਾ ਸਕੇ। ਗਲਪਕਾਰ ਨੇ ਇਸ ਨਾਵਲ ਵਿੱਚ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਪੱਧਰ 'ਤੇ ਵਿਵਸਥਿਤ ਰੂਪ ਵਿੱਚ ਚੱਲ ਰਹੀ ਹਰ ਤਰਾਂ ਦੀ ਬੇਈਮਾਨੀ ਨੂੰ ਬਹੁਤ ਇਮਾਨਦਾਰੀ ਨਾਲ ਗਲਪੀਕਰਨ ਦੁਆਰਾ ਪੇਸ਼ ਕੀਤਾ ਹੈ। ਸਮਾਜਿਕ ਖੇਤਰ ਵਿੱਚ ਵਿਚਰ ਰਹੇ ਹਰ ਤਰ੍ਹਾਂ ਦੇ ਸਰੋਕਾਰਾਂ ਨੂੰ ਆਪਣੀ ਗ੍ਰਿਫ਼ਤ ਵਿੱਚ ਲੈ ਕੇ ਛੋਟੇ ਕਿਸਾਨਾਂ ਦਾ ਹਰੀ ਕ੍ਰਾਂਤੀ ਦੇ ਨਾਂ ਉੱਤੇ ਹੋਇਆ ਸ਼ੋਸ਼ਣ, ਉਹਨਾਂ ਵੱਲੋਂ ਕੀਤੀ ਗਈ ਪੈਦਾਵਾਰ ਦਾ ਭ੍ਰਿਸ਼ਟ ਅਫ਼ਸਰਸ਼ਾਹੀ ਵੱਲੋਂ ਕੀਤਾ ਜਾਂਦਾ ਘਪਲਾ, ਨਿੱਜੀ ਮਲਕੀਅਤ ਦੀ ਬਹੁਤਾਤ, ਕਾਨੂੰਨੀ ਵਿਵਸਥਾ, ਸਿੱਖਿਆ ਨੀਤੀ ਅਤੇ ਸਿਹਤ ਆਦਿ ਸੇਵਾਵਾਂ ਦੀਆਂ ਸਮੱਸਿਆਵਾਂ ਦਾ ਸੰਚਾਰ ਗਲਪੀ ਜੁਗਤਾਂ ਰਾਹੀਂ ਕੀਤਾ ਗਿਆ ਹੈ ਜੋ ਯਥਾਰਥ ਹੈ।

ਹਰਭਜਨ ਸਿੰਘ ਜਿਸ ਨੂੰ ਸਾਰੇ ਭੱਜੀ ਕਹਿ ਕੇ ਬੁਲਾਉਂਦੇ ਹਨ, ਆਪਣੇ ਪਰਿਵਾਰਕ ਫੈਸਲੇ 'ਤੇ ਪੈਸੇ ਕਮਾਉਣ ਲਈ ਅਮਰੀਕਾ ਚਲਾ ਜਾਂਦਾ ਹੈ। ਉਥੇ ਜਾ ਕੇ ਉਹ ਕੰਮ ਦੇ ਨਾਲ-ਨਾਲ ਪੜ੍ਹਾਈ ਵੀ ਕਰਦਾ ਹੈ ਤੇ ਪੀ.ਐੱਚ.ਡੀ. ਕਰਕੇ ਖੇਤੀਬਾੜੀ ਦੇ ਸੁਧਾਰ ਲਈ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਕਾਰਜਸ਼ੈਲੀ ਰਾਹੀਂ ਪ੍ਰਸਿੱਧੀ ਹਾਸਲ ਕਰਦਾ ਹੈ। ਪੱਛਮੀ ਸੱਭਿਅਤਾ ਦੀ ਜੀਵਨ ਸ਼ੈਲੀ ਦੇ ਪ੍ਰਭਾਵ ਤੋਂ ਆਪਣੇ ਬੱਚਿਆਂ ਨੂੰ ਮੁਕਤ ਨਾ ਰੱਖ ਸਕਿਆ, ਜਿਸ ਕਾਰਨ ਉਸ ਦੀ ਬੇਟੀ ਕੰਮੋ ਨਸ਼ੇ ਦੀ ਵਾਧੂ ਮਾਤਰਾ 'ਚ ਆਪਣੀ ਜ਼ਿੰਦਗੀ ਗਵਾ ਬੈਠਦੀ ਹੈ। ਉਸ ਦਾ ਬੇਟਾ ਮਹਿੰਦਰ ਪ੍ਰਤਾਪ ਪੜ੍ਹਾਈ ਕਰਕੇ ਕਿਡਨੀ ਟਰਾਂਸਪਲਾਂਟ ਦਾ ਡਾਕਟਰ ਤਾਂ ਬਣ ਗਿਆ, ਪ੍ਰੰਤੂ ਦੋ ਵਾਰ ਦੀ ਅਸਫ਼ਲ ਵਿਆਹ ਤੋਂ ਬਾਅਦ ਬਿਨਾਂ ਸ਼ਾਦੀ ਤੋਂ ਰਹਿਣ ਦਾ ਫੈਸਲਾ ਕਰਦਾ ਹੈ। ਹਰਭਜਨ ਸਿੰਘ ਜਿਸ ਸਮੇਂ ਭਰਿਆ-ਭਰਾਇਆ ਘਰ ਛੱਡ ਕੇ ਪੈਸੇ ਕਮਾਉਣ ਦੀ ਇੱਛਾ ਨਾਲ ਬਾਹਰ ਗਿਆ ਸੀ ਤੇ ਅੱਜ ਇੰਨੇ ਸਾਲਾਂ ਬਾਅਦ ਭਾਈਆ ਜੀ ਪਾਸ ਬੋਹੜ ਹੇਠ ਬੈਠ ਕੇ ਜਦੋਂ ਜ਼ਿੰਦਗੀ ਦਾ ਲੇਖਾ ਜੋਖਾ ਕਰਨ ਬੈਠਿਆ ਤਾਂ ਭਾਈਆ ਜੀ ਨੇ ਉਸ ਦੀ ਨਿਰਾਸ਼ਾ ਨੂੰ ਆਸ਼ਾ ਵਿੱਚ ਤਬਦੀਲ ਕਰ ਦਿੱਤਾ।

ਬੋਹੜ ਦੀ ਛਾਂ ਹੇਠ ਜੀਵਨ ਬਤੀਤ ਕਰਨ ਵਾਲਾ ਇੱਕ ਬਜ਼ੁਰਗ ਜਿਸ ਨੂੰ ਸਾਰੇ ***ਭਾਈਆ ਜੀ*** ਕਹਿ ਕੇ ਬੁਲਾਉਂਦੇ ਸਨ, ਮਾਨਵਤਾ ਦਾ ਪੁਜਾਰੀ, ਗਿਆਨ ਦਾ ਧਨੀ ਤੇ ਧਰਮ ਤੋਂ ਨਿਰਲੇਪ ਭਾਈਆ ਸਾਰਿਆਂ ਲਈ ਆਪਣਾ ਸੀ। ਪਿੰਡ ਦੀ ਸੱਥ ਨੂੰ ਬੁੱਧੀਜੀਵੀ ਮੰਚ 'ਚ ਤਬਦੀਲ ਕਰਨ ਦੀ ਨਾਵਲਕਾਰ ਦੀ ਇਹ ਜੁਗਤ ਵਾਸਤਵ ਵਿੱਚ ਜ਼ਮੀਨੀ ਪੱਧਰ ਦੀਆਂ ਉਹ ਸਮੱਸਿਆਵਾਂ ਜਿਨਾਂ ਨੂੰ ਹੱਲ ਕਰਨ ਲਈ ਬੁੱਧੀਜੀਵੀ ਆਪਣੇ ਸਿਧਾਂਤਾਂ ਤੇ ਆਦਰਸ਼ਾਂ ਦੀ ਸਿਰਜਣਾ ਵਿੱਚ ਪੂਰਾ ਕਰਨਾ ਲੋਚਦੇ ਹਨ ਦੀ ਪੇਸ਼ਕਾਰੀ ਹੈ। ਗਲਪੀ ਬਿਰਤਾਂਤ ਦੀ ਇਸ ਜੁਗਤ ਰਾਹੀਂ ਨਾਵਲਕਾਰ ਨੇ ਸਮਾਜਿਕ ਯਥਾਰਥ ਦਾ ਅਜਿਹਾ ਚਿੱਤਰ ਪੇਸ਼ ਕੀਤਾ ਹੈ, ਜਿਸ ਵਿੱਚ ਨੈਤਿਕ ਕਦਰਾਂ-ਕੀਮਤਾਂ, ਮੁੱਲ ਪ੍ਰਬੰਧ ਅਤੇ ਸਦਾਚਾਰ ਦਾ ਨਿਘਾਰ ਹੋ ਰਿਹਾ ਹੈ। ਇਸ ਦੇ ਕੇਂਦਰ ਵਿੱਚ ਭ੍ਰਿਸ਼ਟਾਚਾਰ ਤੇ ਰਿਸ਼ਵਤ ਖੋਰੀ ਵਰਗੀਆਂ ਅਲਾਮਤਾਂ ਨੂੰ ਰੱਖਿਆ ਗਿਆ ਹੈ।ਸਰਕਾਰੀ ਤੰਤਰ ਦੀ ਭ੍ਰਿਸ਼ਟਾਚਾਰੀ ਅਤੇ ਰਾਜਨੀਤਿਕ ਨੇਤਾਵਾਂ ਦੀ ਵੋਟਾਂ ਦੀ ਰਾਜਨੀਤੀ ਨੇ ਸਮਾਜਿਕ ਵਿਵਸਥਾ ਨੂੰ ਤਹਿਸ-ਨਹਿਸ ਕਰ ਦਿੱਤਾ।

ਬਿਬਰਾ ਨੇ ਆਪਣੇ ਇਸ ਗਲਪੀ ਬਿਰਤਾਂਤ ਲਈ ਚੋਟੀ ਦੇ ਵਿਦਵਾਨਾਂ ਦੀ ਚੋਣ ਕੀਤੀ ਹੈ। ਜਿਸ ਵਿੱਚ ਪੰਜਾਬ ਦੀਆਂ ਸਰਕਾਰੀ ਯੂਨੀਵਰਸਿਟੀਆਂ 'ਚ ਸੇਵਾਵਾਂ ਨਿਭਾ ਚੁੱਕੇ ਤਿੰਨ ਵਾਈਸ ਚਾਂਸਲਰ, ਜਿਨਾਂ ਵਿੱਚ ਜੌਹਲ ਪੀ.ਏ.ਯੂ., ਬੋਪਾਰਾਏ ਪੀ.ਯੂ.ਪੀ., ਆਹਲੂਵਾਲੀਆ ਜੀ.ਐੱਨ.ਡੀ.ਯੂ. ਅਤੇ ਵੱਖੋ-ਵੱਖਰੇ ਵਿਸ਼ਿਆਂ ਦੇ ਮਾਹਰ ਛੇ ਪ੍ਰੋਫੈਸਰ ਸ਼ਾਮਿਲ ਹਨ। ਨਾਵਲਕਾਰ ਨੇ ਆਪਣੇ ਗਲਪੀ ਵਿਵੇਕ ਰਾਹੀਂ ਸਮਾਜਿਕ ਪੱਧਰ ਉੱਤੇ ਪਨਪ ਰਹੀਆਂ ਉਹਨਾਂ ਕਰੂਰਤਾਵਾਂ ਦਾ ਪਰਦਾਫਾਸ਼ ਕੀਤਾ ਹੈ, ਜਿਨਾਂ ਦਾ ਵਿਸ਼ਲੇਸ਼ਣ ਬੁੱਧੀਜੀਵੀ ਵਰਗ ਆਪਣੇ ਖੋਜ ਕਾਰਜਾਂ ਵਿੱਚ ਸਿਧਾਂਤਕ ਪੱਧਰ ਤੋਂ ਲੈ ਕੇ ਸੂਚਨਾ ਇਕੱਠਾ

ਕਰਨ ਤੱਕ ਕੀਤਾ ਜਾਂਦਾ ਹੈ। ਪ੍ਰੰਤੂ ਅਮਲੀ ਪੱਧਰ ਉੱਤੇ ਉਹ ਸਿਧਾਂਤ ਤੇ ਖੋਖਲੇ ਆਦਰਸ਼ ਸਮਾਜ ਲਈ ਕਿੰਨੇ ਕੁ ਲਾਭਦਾਇਕ ਹੁੰਦੇ ਹਨ, ਇਸ ਉੱਤੇ ਵਿਅੰਗ ਕੀਤਾ ਗਿਆ ਹੈ। ਵੱਖੋ-ਵੱਖਰੇ ਵਿਸ਼ਿਆਂ ਦੇ ਮਾਹਰ ਜਿਨਾਂ ਨੂੰ ਇਸ ਨਾਵਲ ਵਿੱਚ ਪੇਸ਼ ਕੀਤਾ ਗਿਆ ਹੈ, ਉਹ ਸਰਕਾਰੀ-ਤੰਤਰ ਅਤੇ ਗ਼ੈਰ-ਸਰਕਾਰੀ ਤੰਤਰ ਦੀਆਂ ਭ੍ਰਿਸ਼ਟਾਚਾਰੀ ਕੂੜ ਨੀਤੀਆਂ ਤੋਂ ਵਾਕਫ ਤਾਂ ਹਨ, ਪ੍ਰੰਤੂ ਉਸ ਵਿੱਚ ਕਿਸੇ ਵੀ ਤਰ੍ਹਾਂ ਦਾ ਸੁਧਾਰ ਕਰਨ ਤੋਂ ਅਸਮਰੱਥ ਦਿਖਾਈ ਦਿੰਦੇ ਹਨ। ਪੰਜਾਬ ਵਿੱਚ ਹਰੀ ਕ੍ਰਾਂਤੀ ਦੇ ਨਾਂ ਤੇ ਜੋ ਕੁਝ ਵੀ ਘਟਿਤ ਹੋਇਆ, ਲੋੜੀਂਦੀ ਪੂਰਤੀ ਕਰਨ ਤੋਂ ਬਾਅਦ ਉਸ ਦੇ ਲਗਾਤਾਰ ਹੋ ਰਹੇ, ਦੁਸ਼-ਪ੍ਰਭਾਵਾਂ ਤੋਂ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਭਲੀਭਾਂਤ ਜਾਣੂ ਸਨ। ਉਨਾਂ ਨੇ ਇਸ ਵਿੱਚ ਬਹੁਤ ਸਾਰੇ ਸਾਕਾਰਤਮਕ ਕਾਰਜਾਂ ਨੂੰ ਬਾਖ਼ੂਬੀ ਨਿਭਾਇਆ ਤੇ ਖੇਤੀਬਾੜੀ ਦੇ ਨਵੇਂ ਢੰਗ -ਤਰੀਕਿਆਂ ਤੋਂ ਕਿਸਾਨਾਂ ਨੂੰ ਜਾਗਰਿਤ ਕਰਨ ਸਬੰਧੀ ਬਹੁਤ ਸਾਰੇ ਆਯੋਜਨ ਕਰਦੇ ਰਹੇ। ਪ੍ਰੰਤੂ ਉਹਨਾਂ ਲਈ ਚਿੰਤਾਂਜਨਕ ਵਿਸ਼ੇ, ਜੋ ਅੱਜ ਵੀ ਬਣੇ ਹੋਏ ਹਨ, ਉਹ ਇਹ ਕਿ ਕਿਸਾਨ ਨੂੰ ਕਰਜਾਈ ਬਣਾਉਣ ਵਾਲੇ ਸਾਧਨ। ਇਸ ਵਿਸ਼ੇ 'ਤੇ ਜੌਹਲ ਸਾਹਿਬ ਨੇ ਜਦੋਂ ਕਿਹਾ ਕਿ, *ਸਾਡੇ ਨਾਲ ਵਿਚਾਰ ਕਰੋ, ਸਾਨੂੰ ਬੁੱਧੀਜੀਵੀ ਨਹੀਂ, ਸਗੋਂ ਸਧਾਰਨ ਇਨਸਾਨ ਹੀ ਸਮਝੋ।* ਤਾਂ ਉਸ ਸਮੇਂ ਪਿੰਡ ਦਾ ਇੱਕ ਬਜ਼ੁਰਗ ਬੂਟਾ ਸਿੰਘ ਉਹਨਾਂ ਨੂੰ ਕਹਿੰਦਾ ਹੈ

> *ਮਾਫ਼ ਕਰਨਾ, ਪੁੱਤ ਸਾਡੀਆਂ ਸਮੱਸਿਆਵਾਂ ਬਾਰੇ ਤੁਸੀਂ ਕਿਵੇਂ ਵਿਚਾਰ ਕਰ ਸਕਦੇ ਹੋ, ਸਮੱਸਿਆਵਾਂ ਨਾਲ ਤਾਂ ਅਸੀਂ ਜੂਝ ਰਹੇ ਹਾਂ, ਇਹਨਾਂ ਦਾ ਦਰਦ ਤਾਂ ਸਾਨੂੰ ਹੈ। ਫਿਰ ਤੁਸੀਂ ਇਹਨਾਂ ਬਾਰੇ ਕਿਵੇਂ ਜਾਣ ਤੇ ਸਮਝ ਸਕਦੇ ਹੋ। ਜੌਹਲ ਸਾਹਿਬ ਕਹਿੰਦੇ ਹਨ ਕਿ, ਭਾਵੇਂ ਅਸੀਂ ਆਪਣੇ ਬਚਪਨ ਪਿੰਡਾਂ ਵਿੱਚ ਬਿਤਾਏ, ਪ੍ਰੰਤੂ ਸਰਕਾਰੀ ਨੌਕਰਸ਼ਾਹੀ ਨੇ ਸਾਡੀ ਚਮੜੀ ਨੂੰ ਇੰਨੀ ਮੋਟੀ ਬਣਾ ਦਿੱਤਾ ਹੈ ਕਿ ਅਸੀਂ ਆਪਣੇ-ਆਲੇ ਦੁਆਲੇ ਤੋਂ ਵੀ ਅਣਜਾਣ ਹਾਂ।* [1]

ਬੂਟਾ ਸਿੰਘ ਕਹਿੰਦਾ ਹੈ,

> *ਮੇਰੇ ਅਜ਼ੀਜੋ ਤੁਸੀਂ ਪੜੇ ਲਿਖੇ ਹੋ। ਇਸ ਲਈ ਦੇਸ਼ ਸਾਹਮਣੇ ਕੀ ਸਮੱਸਿਆਵਾਂ ਹਨ ਅਤੇ ਇਹਨਾਂ ਦੇ ਹੱਲ ਕੀ ਨੇ ਤੁਸੀਂ ਆਸਾਨੀ ਨਾਲ ਢੂੰਢ ਲਵੋਗੇ। ਪ੍ਰੰਤੂ ਜਿਸ ਦੇਸ਼ ਦੀ 95 ਪ੍ਰਤਿਸ਼ਤ ਜਨਤਾ ਗੂੰਗੀ ਤੇ ਬੋਲੀ ਹੋਵੇ ਅਤੇ ਨੇਤਾ ਤੇ ਅਫਸਰ-ਸ਼ਾਹੀ ਕਿਸੇ ਭਿਆਨਕ ਤੇ ਗੰਭੀਰ ਮਾਨਸਿਕ ਰੋਗ ਨਾਲ ਗ੍ਰਸਤ ਹੋਵੇ, ਉਸ ਦੇਸ਼ ਦਾ ਰੱਬ ਹੀ ਰਾਖਾ ਹੈ। ਇਸ ਦਿਮਾਗੀ ਰੋਗ ਦਾ ਨਾਂ ਹੈ ਮਸਕਾਰਿਆਂ ਦਾ ਮਖੌਟਾ।* [2]

ਡਾ. ਵੈਦ ਕਹਿੰਦੇ ਹਨ, ਆਪ ਦਾ ਵਿਸ਼ਲੇਸ਼ਣ ਬੜਾ ਸਟੀਕ ਤੇ ਦਰੁਸਤ ਹੈ। ਆਪ ਨੂੰ ਹਰ ਸਰਕਾਰੀ ਅਣਗਿਹਲੀ ਦੀ ਜਾਣਕਾਰੀ ਜ਼ਿਆਦਾ ਬਿਹਤਰ ਢੰਗ ਨਾਲ ਮਾਲੂਮ ਹੁੰਦੀ ਹੈ, ਕਿਉਂਕਿ ਅਣਗਿਹਲੀ ਦਾ ਅਸਰ ਸਧਾਰਨ ਆਦਮੀ ਉੱਤੇ ਸਿੱਧਾ ਪੈਂਦਾ ਏ। ਸਾਡੇ ਦੇਸ਼ ਵਿੱਚ ਤਾਂ ਸਦਾ ਤੋਂ ਇੰਝ ਹੀ ਚਲਦਾ ਆਇਆ ਹੈ। ਬੂਟਾ ਸਿੰਘ ਦੁਆਰਾ ਕਹੇ ਗਏ ਸ਼ਬਦਾਂ ਉੱਤੇ ਪ੍ਰੋਫੈਸਰ ਵੇਦ ਨੇ ਜਦੋਂ ਹਾਮੀ ਭਰੀ ਤਾਂ ਵਾਸਤਵ ਵਿੱਚ ਆਮ ਆਦਮੀ ਦਾ ਦਰਦ ਹੀ ਹੈ ਜੋ ਬੂਟਾ ਸਿੰਘ ਨੇ ਹੱਡਬੀਤੀ ਸੁਣਾਈ। ਨੇਤਾਵਾਂ, ਅਫਸਰ-ਸ਼ਾਹੀ ਦੀ ਭ੍ਰਿਸ਼ਟਾਚਾਰੀ ਵੇਖ ਕੇ ਜਦੋਂ ਗੁਰਨਾਮ ਸਿੰਘ ਕਹਿੰਦਾ ਹੈ ਕਿ, 'ਇਸ ਨਾਲੋਂ ਤਾਂ ਫਰੰਗੀਆਂ ਦਾ ਰਾਜ ਹੀ ਚੰਗਾ ਸੀ।' ਅਮਲੀ ਪੱਧਰ 'ਤੇ ਗ਼ਰੀਬੀ, ਗੁਰਬਤ, ਕਰਜਾਈ, ਨਸ਼ਿਆਂ ਦੀ ਵਧ ਰਹੀ ਵਰਤੋਂ ਆਦਿ ਦਾ ਸੰਤਾਪ ਭੋਗਣ ਵਾਲੀ ਜਨਤਾ ਹਿਤਕਾਰੀ ਭੇਜੇ ਗਏ ਫੰਡ ਅਤੇ ਗਰਾਂਟਾਂ ਉੱਪਰਲੇ ਲੋਕ ਹੀ ਹੜੱਪ ਕਰ ਜਾਂਦੇ ਹਨ। ਸਿੱਟੇ ਵਜੋਂ ਕਿਸਾਨੀ ਵੀ ਪੈਦਾਵਾਰ ਉੱਤੇ ਵੱਧ ਰਹੇ ਖਰਚੇ ਦਾ ਬੋਝ ਸਹਿਣ ਤੋਂ ਅਸਮਰੱਥ ਹੈ ਤੇ ਮਜਬੂਰੀ ਵਸ ਕਿਸਾਨ ਆਤਮ-ਹੱਤਿਆ ਕਰਨ ਦਾ ਮਾਰਗ ਅਪਣਾਉਂਦਾ ਹੈ। ਇਸੇ ਲਈ ਜੌਹਲ ਸਾਹਿਬ ਨੇ ਕਿਹਾ ਸੀ ਸਰਕਾਰੀ ਨੌਕਰਸ਼ਾਹੀ ਨੇ ਸਾਡੀ ਚਮੜੀ ਨੂੰ ਇੰਨੀ ਮੋਟੀ ਬਣਾ ਦਿੱਤਾ ਕਿ ਅਸੀਂ ਆਪਣੇ ਆਲੇ-ਦੁਆਲੇ ਤੋਂ ਵੀ ਅਣਜਾਣ ਹਾਂ।

ਸਰਕਾਰੀ ਤੰਤਰ ਦੀ ਕਾਰਗੁਜ਼ਾਰੀ ਉੱਤੇ ਚਰਚਾ ਕਰਦਿਆਂ ਹੋਇਆਂ ਬੋਪਾਰਾਏ ਸਾਹਿਬ ਨੇ ਆਪਣੇ ਨਿੱਜੀ ਅਨੁਭਵ 'ਚੋਂ ਬਿਆਨ ਕੀਤਾ ਕਿ, ਆਪਣੀਆਂ ਸੇਵਾਵਾਂ ਦੌਰਾਨ ਉਹਨਾਂ ਨੇ ਇੱਕ ਵੀ ਆਈ.ਏ.ਐਸ., ਆਈ.ਪੀ.ਐਸ. ਅਤੇ ਪੀ.ਸੀ.ਐਸ. ਅਧਿਕਾਰੀ ਇਮਾਨਦਾਰ ਨਹੀਂ ਵੇਖਿਆ। ਇਸ ਤੋਂ ਇਲਾਵਾ ਉਨਾਂ ਹੋਰ ਵਿਭਾਗਾਂ ਬਾਰੇ ਵੀ ਗੱਲ ਕੀਤੀ ਕਿ ਕੋਈ ਵੀ ਅਧਿਕਾਰੀ ਬਿਨਾਂ ਰਿਸ਼ਵਤਖੋਰੀ ਦੇ ਕੰਮ ਨਹੀਂ ਕਰਦਾ। ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿੱਚ ਉਸਾਰੇ ਗਏ ਹਸਪਤਾਲ, ਹੋਟਲ, ਮੈਰਿਜ-ਪੈਲਿਸ ਆਦਿ ਸਭ ਬੇਈਮਾਨੀ ਦੀ ਕਮਾਈ ਦੇ ਕਲਯੁਗੀ ਮੰਦਰ ਹਨ। ਇਹਨਾਂ ਦੇ ਮਾਲਕ ਰਿਸ਼ਵਤਖੋਰ, ਵਕੀਲ, ਡਾਕਟਰ ਅਤੇ ਵਪਾਰੀ ਵਰਗ ਆਦਿ ਹਨ।

> *ਇਸ ਨੂੰ ਆਜ਼ਾਦੀ ਤੋਂ ਪਹਿਲਾਂ ਹੀ ਘੁਣ ਲੱਗ ਗਿਆ ਸੀ,ਜਦੋਂ ਅਸੀਂ ਗੁਲਾਮ ਸੀ। ਪਹਿਲਾਂ ਅੰਗਰੇਜ਼ ਸ਼ਾਸਕ ,ਰਜਵਾੜੇ ਅਤੇ ਬਾਣੀਆਂ ਲੋਕ ਹੀ ਦੇਸ਼ ਅਤੇ ਜਨਤਾ ਨੂੰ ਖਾਂਦੇ ਸਨ ਹੁਣ ਤਾਂ ਆਪਣੇ ਹੀ ਇਸ ਨੂੰ ਬਰਬਾਦ ਕਰ ਰਹੇ ਹਨ। ਆਪਣੇ ਇਲਾਕੇ ਵਿੱਚ ਵੇਖੋ ਕੀ ਤਰੱਕੀ ਹੋਈ ਹੈ। ਕੈਰੋ ਸਾਹਿਬ ਵੇਲੇ ਬਿਜਲੀ, ਪਾਣੀ ਅਤੇ ਸੜਕਾਂ ਬਣੀਆਂ ਸਨ, ਮਗਰੋਂ ਅਜੇ ਤੱਕ ਕਿਧਰੇ ਕੁਝ ਨਵਾਂ ਨਜ਼ਰ ਨਹੀਂ ਆਉਂਦਾ। ਗੱਲਾਂ ਚੰਦ ਉੱਤੇ ਜਾਣ ਦੀਆਂ ਕਰ ਰਹੇ ਨੇ। ਪ੍ਰੰਤੂ ਕਿਸਾਨ ਅਜੇ ਵੀ ਆਤਮ-ਹੱਤਿਆ ਕਰ ਰਹੇ ਨੇ, ਰਿਕਸ਼ਾ ਵਾਲਾ ਅਜੇ ਵੀ ਰਿਕਸ਼ਾ ਚਲਾ ਰਿਹਾ ਹੈ।* [3]

ਇਹ ਵਿਕਾਸ ਮਾਰਗ ਹੈ ਇਸ ਦੇ ਨਾਲ ਹੀ ਸਾਡੇ ਦੇਸ਼ ਵਿੱਚ ਜਾਤ-ਪਾਤ ਦੇ ਨਾਂ 'ਤੇ ਜੋ ਕੀਤਾ ਜਾਂਦਾ ਹੈ, ਉਸ ਦਾ ਇੱਕ ਅਨੁਭਵ ਬੋਪਾਰਾਏ ਨੇ ਸਾਂਝਾ ਕੀਤਾ।

*ਔਲਾਦ ਬਾਹਰ ਚਲੀ ਗਈ, ਘੱਟ ਨੰਬਰਾਂ ਕਾਰਨ ਇਥੇ ਮੈਰਿਟ ਵਿੱਚ ਨਹੀਂ ਆ ਸਕੇ ਸਨ ਅਤੇ ਆਪਣੀ ਪੜ੍ਹਾਈ ਦਾ ਖਰਚਾ ਨੌਕਰੀਆਂ ਕਰਕੇ ਕੱਢਣ ਵਿੱਚ ਸਮਰੱਥ ਹੋ ਗਏ ਸਨ। ਉਂਝ ਤਾਂ ਦੋਹਾਂ ਨੂੰ ਆਪਣੇ ਦੇਸ਼ ਵਿੱਚ ਵੀ ਡਾਕਟਰੀ ਅਤੇ ਇੰਜੀਨੀਅਰਿੰਗ ਦੀ ਸਿੱਖਿਆ ਮਿਲ ਸਕਦੀ ਸੀ, ਕਿਉਂਕਿ ਮੈਂ ਪਿਛੜੀ ਜਾਤੀ ਦਾ ਹੋਣ ਕਰਕੇ ਉਹਨਾਂ ਨੂੰ ਮੈਰਿਟ ਵਿੱਚ ਛੋਟ ਮਿਲ ਜਾਣੀ ਸੀ। ਪਰੰਤੂ ਮੈਂ ਅਜਿਹਾ ਨਹੀਂ ਸੀ ਚਾਹੁੰਦਾ, ਕਿਉਂਕਿ ਜੋ ਜਾਤ-ਪਾਤ ਦਾ ਠੱਪਾ ਮੇਰੇ ਉੱਤੇ ਲੱਗਾ ਸੀ, ਮੈਂ ਉਹ ਧੋਣਾ ਚਾਹੁੰਦਾ ਸੀ। ਮੈਂ ਆਪਣੀ ਸੇਵਾ ਦੌਰਾਨ ਹਮੇਸ਼ਾ ਇਹ ਮਹਿਸੂਸ ਕੀਤਾ ਕਿ ਜਾਤ-ਪਾਤ ਦਾ ਵਿਤਕਰਾ ਸਾਡੇ ਸਮਾਜ ਵਿੱਚੋਂ ਕਦੇ ਨਾ ਜਾਣ ਵਾਲਾ ਕਾਲਾ ਧੱਬਾ ਸੀ, ਜੋ ਸਾਡੀਆਂ ਚਮੜੀਆਂ 'ਤੇ ਨਹੀਂ, ਚਮੜੀਆਂ ਤਾਂ ਸਾਡੀਆਂ ਵੀ ਉੱਚੀ ਜਾਤਾਂ ਵਾਂਗ ਸਨ, ਸਗੋਂ ਸਾਡੇ ਪਿਛੋਕੜ ਨਾਲ ਜੁੜਿਆ ਸੀ। ਇਸ ਲਈ ਮੈਂ ਆਪਣੇ ਬੱਚਿਆਂ ਦਾ ਪਿਛੋਕੜ ਹੀ ਬਦਲ ਦੇਣਾ ਚਾਹੁੰਦਾ ਸੀ।*[4]

ਭ੍ਰਿਸ਼ਟਾਚਾਰੀ ਸ਼ਾਸਕ ਵਰਗ ਦੀ ਸੱਤਾ ਦਾ ਸਰੂਪ, ਅੱਤਿਆਚਾਰ ਅਤੇ ਜਾਤ-ਪਾਤ ਵਿੱਚ ਇਹ ਤਿੰਨੋ ਅਜਿਹੀਆਂ ਮਾਨਸਿਕ ਬਿਮਾਰੀਆਂ ਹਨ, ਜਿਨਾਂ ਨੇ ਸਮਾਜ ਨੂੰ ਅੰਦਰੋਂ ਖੋਖਲਾ ਕਰ ਦਿੱਤਾ ਹੈ। ਜਿਸ ਦਾ ਸੰਤਾਪ ਆਮ ਮਨੁੱਖ ਤੇ ਮੱਧ ਵਰਗੀ ਸਮਾਜ ਵਧੇਰੇ ਭੋਗਦਾ ਹੈ। ਮਜ਼ਦੂਰੀ ਤੇ ਮਜਬੂਰੀ ਵਸ ਉਹਨਾਂ ਨੂੰ ਨਾ ਚਾਹੁੰਦੇ ਹੋਏ ਵੀ ਆਪਣਾ ਦੇਸ਼ ਛੱਡਣਾ ਪੈਂਦਾ ਹੈ। ਸਮਾਜਿਕ ਯਥਾਰਥ ਵਿਚਲਾ ਇਹ ਘਿਨਾਉਣਾ ਸੱਚ ਜਿਸ ਦਾ ਗਲਪੀਕਰਨ ਕੀਤਾ ਗਿਆ ਹੈ, ਅਮਲੀ ਪੱਧਰ ਉੱਤੇ ਗਲਪਕਾਰ ਨੇ ਆਪਣੀ ਕਲਾਤਮਕ ਜੁਗਤ ਰਾਹੀਂ ਸਮਕਾਲੀ ਸਮਾਜ ਨੂੰ ਪ੍ਰਤਿਬਿੰਬਤ ਕੀਤਾ ਹੈ। ਇਸ ਦੇ ਨਾਲ ਹੀ ਇਸ ਦਾ ਦੂਸਰਾ ਪੱਖ ਇਹ ਵੀ ਹੈ ਕਿ ਜਿਹੜੇ ਉੱਚ ਅਧਿਕਾਰੀਆਂ ਪਾਸੋਂ ਸਮਾਜਿਕ ਵਿਵਸਥਾ ਦੇ ਸੁਧਾਰ ਦੀ ਆਸ਼ਾ ਤੇ ਉਮੀਦ ਰੱਖਦੇ ਹਾਂ, ਉਹ ਵੀ ਇਸ ਵਿੱਚ ਸੁਧਾਰ ਕਰਨ ਤੋਂ ਅਸਮਰੱਥ ਹੋ ਕੇ ਆਪਣੇ ਬੱਚਿਆਂ ਦੇ ਉੱਜਵਲ ਭਵਿੱਖ ਲਈ ਉਹਨਾਂ ਨੂੰ ਬੇਵਸ ਹੋ ਕੇ ਵਿਦੇਸ਼ ਭੇਜ ਦਿੰਦੇ ਹਨ। ਅਰਥ-ਵਿਵਸਥਾ ਦੇ ਸਬੰਧ ਵਿੱਚ ਪ੍ਰੋਫੈਸਰ ਦਸੌਂਦਾ ਸਿੰਘ ਨੇ ਕਿਹਾ ਕਿ,

*ਜੋ ਅਮੀਰ ਏ, ਉਸ ਕੋਲ ਤਾਕਤ ਹੈ ਅਤੇ ਉਹੀ ਦੇਸ਼ ਗ਼ਰੀਬ ਦੇਸ਼ਾਂ ਨੂੰ ਲੁੱਟ ਰਹੇ ਨੇ। ਯੂ.ਐਨ.ਓ., ਵਿਸ਼ਵ.ਬੈਂਕ.,ਏਸ਼ੀਅਨ ਡਿਵੈਲਪਮੈਂਟ ਬੈਂਕ, ਯੂਰੋਪੀਅਨ ਯੂਨੀਅਨ ਜਾਂ ਯੂਨੇਸਕੋ ਸਭ ਅਮਰੀਕਾ ਦੀ ਹੀ ਬੋਲੀ ਬੋਲਦੇ ਹਨ। ਅੱਜ ਕੱਲ ਮੰਗ ਪੂਰਤੀ ਤੇ ਉਤਪਾਦਨ ਦੇ ਸਿਧਾਂਤ ਫੁਰਰ ਹੋ ਚੁੱਕੇ ਹਨ। ਕੇਵਲ ਡਾਲਰ ਦਾ ਬੋਲਬਾਲਾ ਏ। ਸਾਰੇ ਵਿਕਾਸਸ਼ੀਲ ਦੇਸ਼ ਰਲ ਕੇ ਵੀ ਜਿੰਨਾ ਵਪਾਰ ਸਾਰੀ ਆਯਾਤ-ਨਿਰਯਾਤ ਮਿਲਾ ਕੇ- ਸਾਰੇ ਸਾਲ ਵਿੱਚ ਕਰਦੇ ਨੇ ਅਮੀਰ ਦੇਸ਼ ਭਾਵ ਉਨਾਂ ਦੇ 30 ਅਮੀਰਜ਼ਾਦੇ ਇੱਕ ਦਿਨ ਵਿੱਚ ਉਸ ਨਾਲੋਂ ਦੁਗਣਾ ਡਾਲਰ ਦਾ ਵਪਾਰ ਕਰ ਲੈਂਦੇ ਨੇ। ਡਾਲਰ ਦੀ ਕੀਮਤ ਵਿੱਚ ਇਕ ਰੁਪਿਆ ਵਧਾ ਦੇਣ ਤਾਂ ਕੇਵਲ ਭਾਰਤ ਨੂੰ ਸੈਂਕੜੇ ਕਰੋੜਾਂ ਦਾ ਇੱਕ ਦਿਨ ਵਿੱਚ ਨੁਕਸਾਨ ਹੋ ਜਾਂਦਾ ਹੈ। ਚਾਹੇ ਉਹ ਡਾਲਰ ਦੀ ਕੀਮਤ ਵਧਾਉਣ ਜਾਂ ਘਟਾਉਣ ਉਹਨਾਂ ਨੂੰ ਦੋਵੇਂ ਪਾਸੇ ਫਾਇਦਾ ਹੈ।*[5]

ਵਾਸਤਵ ਵਿੱਚ ਵੇਖਿਆ ਜਾਵੇ ਤਾਂ ਵਿਸ਼ਵੀਕਰਨ ਦੇ ਵਰਤਾਰੇ ਨੇ ਵਿਸ਼ਵੀ ਅਰਥ-ਵਿਵਸਥਾ ਨੂੰ ਕੇਂਦਰ ਵਿੱਚ ਲਿਆਂਦਾ ਹੈ। ਜਿਸ ਦਾ ਦੁਸ਼-ਪ੍ਰਭਾਵ ਗ਼ਰੀਬ, ਕਿਸਾਨ, ਮਜ਼ਦੂਰ ਬਲਕਿ ਆਮ ਜਨਤਾ ਦਾ ਸ਼ੋਸ਼ਣ ਹੀ ਹੈ। ਜਦੋਂ ਪੂੰਜੀ ਤੇ ਪੂੰਜੀ ਦੇ ਸਾਰੇ ਸਾਧਨ ਇੱਕ ਥਾਂ ਇਕੱਠੇ ਹੋ ਜਾਣ ਤਾਂ ਆਰਾਜਕਤਾ, ਬਦਅਮਨੀ, ਭ੍ਰਿਸ਼ਟਾਚਾਰੀ, ਨਿਜੀ ਮਲਕੀਅਤ ਵਰਗੀਆਂ ਬਿਮਾਰੀਆਂ ਤਾਂ ਕੈਂਸਰ ਵਾਂਗ ਫੈਲਦੀਆਂ ਤੇ ਸੰਤੁਲਨ ਭੰਗ ਵੀ ਕਰਦੀਆਂ।

*ਕਿਸਾਨਾਂ ਦੀ ਦਿਨ-ਬ-ਦਿਨ ਮੰਦਹਾਲੀ ਦਾ ਕਾਰਨ ਇੰਗਲੈਂਡ ਸਰਕਾਰ ਵੱਲੋਂ ਭਾਰਤ ਵਿੱਚ ਖੇਤੀ ਸੁਧਾਰ ਪ੍ਰੋਗਰਾਮ ਚਲਾਉਣ ਤੋਂ ਬਾਅਦ ਦੇਸ਼ ਵਿੱਚ ਕਿਸਾਨਾਂ ਵੱਲੋਂ ਧੜਾ ਧੜ ਆਤਮ-ਹੱਤਿਆਵਾਂ ਕੀਤੀਆਂ ਜਾ ਰਹੀਆਂ ਨੇ, ਜਿਸ ਕਾਰਨ ਦੇਸ਼ ਵਿੱਚ ਹਫੜਾ-ਦਫੜੀ ਮਚੀ ਹੋਈ ਹੈ। ਇਸੇ ਕਾਰਨ ਕੁਝ ਪ੍ਰਾਂਤਾਂ ਦੇ ਵਿੱਚ ਪਿਛਲੇ ਚੁਣਾਵਾਂ ਵਿੱਚ ਸਰਕਾਰਾਂ ਵੀ ਬਦਲ ਗਈਆਂ।*[6]

ਭਾਰਤ ਵਿੱਚ ਜਿੰਨੇ ਵੀ ਕਿਸਾਨ ਆਤਮ ਹੱਤਿਆ ਕਰ ਰਹੇ ਨੇ, ਉਸ ਦਾ ਕਾਰਨ ਏ, ਕੇਵਲ ਕਰਜ਼ਾ ਅਤੇ ਕਰਜ ਦਾ ਮੂਲ ਕਾਰਨ ਏ ਸਿਵਾਏ ਮੌਸਮ ਦੀ ਮਾਰ ਤੋਂ ਉਦਾਰੀਕਰਨ (ਵਪਾਰੀਆਂ ਨੂੰ ਖੁੱਲੀ ਛੂਟ) ਇਹੋ ਹਾਲ ਸਾਰੇ ਦੇਸ਼ ਦੇ ਕਿਸਾਨਾਂ, ਛੋਟੇ ਪੱਧਰ ਦੇ ਉਦਯੋਗਾਂ ਦਾ। ਦੇਸ਼ ਵਿੱਚ ਧੜਾ-ਧੜ ਸਸਤੇ ਭਾਵਾਂ ਤੇ ਉਪਭੋਗਤਾ ਵਸਤੂਆਂ ਆ ਰਹੀਆਂ ਨੇ। ਇਹਨਾਂ ਵਿੱਚੋਂ ਜ਼ਿਆਦਾਤਰ ਬਹੁਤ ਘਟੀਆ ਕਿਸਮ ਦੀਆਂ ਹਨ। ਸਾਡੇ ਆਪਣੇ ਦੇਸ਼ ਦੇ ਸਨਤਕਾਰ ਅਚਾਨਕ ਆਏ ਪਰਿਵਰਤਨ ਲਈ ਕਤਈ ਤਿਆਰ ਨਹੀਂ ਸਨ, ਕਿਉਂਕਿ 1990 ਤੋਂ ਪਹਿਲਾਂ ਸਾਡੀ ਕੰਟਰੋਲਡ ਇਕੋਨਮੀ ਸੀ, ਜਿਸ ਕਾਰਨ ਛੋਟੀ ਤੋਂ ਛੋਟੀ ਮਸ਼ੀਨ ਜਾਂ ਪੁਰਜਿਆਂ ਦੀ ਨਿਰਯਾਤ 'ਤੇ ਰੋਕ ਲੱਗੀ ਸੀ। ਪਰਮਟ ਰਾਜ ਸੀ, ਜਿਸ ਦਾ ਫਾਇਦਾ ਕੇਵਲ ਚੰਦ ਘਰਾਣਿਆਂ ਨੇ ਉਠਾਇਆ ਜਾਂ ਫਿਰ ਉਨਾਂ ਰਾਜ ਨੇਤਾਵਾਂ ਅਤੇ ਉੱਚ ਅਧਿਕਾਰੀਆਂ ਨੇ। ਉਨਾਂ ਨੂੰ ਸਭ ਜਾਣਕਾਰੀ ਹੈ। ਉਹ ਸਾਡੇ

ਪ੍ਰਾਂਤ ਦੇ ਹਾਲਤ ਬਾਰੇ ਵੀ ਜਾਣੂ ਹਨ। ਪਰੰਤੂ ਉਹ ਕੇਵਲ ਮੂਕ ਦਰਸ਼ਕ ਹਨ, ਮਜਬੂਰ ਅਤੇ ਵਿਚਾਰੇ ਆਗਿਆਕਾਰੀ ਸ਼ਾਸਕ ਹਨ, ਜਿਨਾਂ ਦੇ ਸ਼ਾਸਨ ਦਾ ਦਾਇਰਾ ਕੇਵਲ ਆਪਣੀ ਸਰਕਾਰੀ ਕੋਠੀ ਤੱਕ ਹੀ ਸੀਮਤ ਏ। ਉਹਨਾਂ ਨੇ ਆਪਣੇ ਕੰਨ,ਅੱਖਾਂ ਤੇ ਮੂੰਹ ਬੰਦ ਕਰ ਰੱਖੇ ਨੇ, ਤਾਂ ਕਿ ਗੰਦੀ ਸਿਆਸਤ ਤੋਂ ਦੂਰ ਰਹਿ ਸਕਣ।

*ਇਸ ਕਾਰਨ ਨਾ ਤਾਂ ਉਹ ਵਧੀਆ ਸ਼ਾਸਕ ਹਨ ਤੇ ਨਾ ਹੀ ਰਾਜ ਨੇਤਾ। ਉਹਨਾਂ ਦਾ ਹੋਣਾ ਤੇ ਨਾ ਹੋਣਾ ਇੱਕ ਬਰਾਬਰ ਏ।ਜੋ ਸ਼ਾਸਕ ਆਪਣਾ ਆਲਾ-ਦੁਆਲਾ ਠੀਕ ਨਹੀਂ ਰੱਖ ਸਕਦਾ, ਉਸ ਕੋਲੋਂ ਪੂਰੇ ਦੇਸ਼ ਦੀ ਬਦਤਰ ਹਾਲਤ ਨੂੰ ਸੁਧਾਰਨ ਦੀ ਆਸ ਕਰਨਾ ਇੱਕ ਗ਼ਰੀਬ ਦੇ ਸੁਪਨੇ ਵਾਂਗ ਏ, ਜਿਹੜਾ ਕਦੇ ਸਾਕਾਰ ਨਹੀਂ ਹੁੰਦਾ।* [7]

ਵਿਸ਼ਵੀ ਅਰਥ-ਵਿਵਸਥਾ ਵੱਲੋਂ ਸਮੁੱਚੇ ਵਿਸ਼ਵ ਦੇ ਕੁਦਰਤੀ ਸਰੋਤਾਂ ਤੇ ਸਾਧਨਾਂ ਨੂੰ ਆਪਣੇ ਹੱਥਾਂ ਵਿੱਚ ਲੈਣ ਲਈ ਵਿਕਾਸਸ਼ੀਲ ਦੇਸ਼ਾਂ ਉੱਤੇ ਉਦਾਰੀਕਰਨ ਦੇ ਨਾਂ 'ਤੇ ਜਬਰੀ ਥੋਪੀਆਂ ਜਾ ਰਹੀਆਂ ਨੀਤੀਆਂ, ਜਿਸ ਦਾ ਪ੍ਰਭਾਵ ਹਰ ਵਰਗ ਉੱਤੇ ਪੈ ਰਿਹਾ ਹੈ। ਮਜ਼ਦੂਰ, ਛੋਟਾ ਕਿਸਾਨ, ਦੁਕਾਨਦਾਰ ਇਸ ਵੇਲੇ ਸਾਰੇ ਇਹਨਾਂ ਦੀ ਮਾਰ ਹੇਠ ਹਨ, ਜਿਸ ਕਾਰਨ ਸਮਾਜ ਵਿੱਚ ਬਦਅਮਨੀ, ਭ੍ਰਿਸ਼ਟਾਚਾਰ ਤੇ ਆਰਜਕਤਾ ਆਦਿ ਦਾ ਬੋਲ-ਵਾਲਾ ਹੈ। ਇਸ ਵਰਤਾਰੇ ਦੀ ਭਲੀਭਾਂਤ ਸਮਝ ਹੋਣ ਦੇ ਬਾਵਜੂਦ ਵੀ ਸੱਤਾ ਧਿਰ ਆਰਾਮ ਨਾਲ ਮੂਕ ਦਰਸ਼ਕ ਦੀ ਭੂਮਿਕਾ ਨਿਭਾ ਰਹੀ ਹੈ। ਆਰਥਿਕਤਾ ਦਾ ਵਰਤਾਰਾ ਦੇਸ਼, ਕੌਮ ਅਤੇ ਹਰ ਪੱਧਰ 'ਤੇ ਸਮਾਜਿਕ ਵਿਵਸਥਾ ਦੀ ਰੀੜ ਦੀ ਹੱਡੀ ਹੁੰਦੀ ਹੈ। ਜਿਸ ਦੇ ਗਲਪੀਕਰਨ ਦੀ ਤਸਵੀਰ ਯਥਾਰਥਮਈ ਰੂਪ ਵਿੱਚ ਪੇਸ਼ ਕੀਤੀ ਗਈ ਹੈ। ਵਿਸ਼ਵ ਪੱਧਰ ਦੀ ਅਰਥ-ਵਿਵਸਥਾ ਇਸ ਸਮੇਂ ਡਾਵਾਂਡੋਲ ਹੈ। ਹਰ ਖੇਤਰ ਵਿੱਚ ਨਿੱਜੀ ਮਲਕੀਅਤ ਦੀ ਹੋੜ ਨੂੰ ਲੈ ਕੇ ਭ੍ਰਿਸ਼ਟਾਚਾਰ ਚੱਲ ਰਿਹਾ ਹੈ। ਵਿਕਸਿਤ ਦੇਸ਼ ਵਿਕਾਸਸ਼ੀਲ ਦੇਸ਼ਾਂ ਨੂੰ ਲੁੱਟ ਰਹੇ ਹਨ ਤੇ ਦੇਸ਼ ਦੇ ਅਮੀਰ ਘਰਾਣੇ, ਸਰਮਾਏਦਾਰ, ਅਫ਼ਸਰਸ਼ਾਹੀ, ਗ਼ਰੀਬਾਂ ਨੂੰ ਲੁੱਟ ਰਹੇ ਹਨ। ਬਜ਼ਾਰੀ ਕਰਨ ਦੀਆਂ ਨੀਤੀਆਂ ਕਾਰਨ ਸਿੱਖਅਕ ਮਿਆਰ, ਨੈਤਿਕ ਕਦਰਾਂ ਕੀਮਤਾਂ ਤੋਂ ਹੇਠਾਂ ਗਿਰ ਚੁੱਕਾ ਹੈ। ਵਿਵਸਥਾ ਵਿਚਲੀ ਇਸ ਖੋਟ ਦੀ ਚਰਮ ਸੀਮਾ ਵੇਖ ਕੇ ਰਾਜਨਬੀਰ ਵਰਗੇ ਲੋਕ ਇਸ ਵਿਵਸਥਾ ਅਤੇ ਨੌਕਰੀ ਤੋਂ ਕਿਨਾਰਾ ਕਰ ਗਏ। ਭੋਗ ਦੀ ਇੱਕ ਸੀਮਾ ਹੁੰਦੀ ਹੈ, ਜਿੱਥੇ ਪਹੁੰਚ ਕੇ ਕਈ ਵਾਰ ਮਨੁੱਖ ਗਿਲਾਨੀ ਦੀ ਸਥਿਤੀ ਵਿੱਚ ਆ ਜਾਂਦਾ ਹੈ। ਇੱਕ ਰਸਤਾ ਇਸ ਤੋਂ ਉਪਰਾਮਤਾ ਵਾਲੇ ਪਾਸੇ ਵੀ ਲੈ ਕੇ ਜਾਂਦਾ ਹੈ। ਜਿੱਥੇ ਮਨੁੱਖ ਆਪਣੇ ਸਵੈ ਦਾ ਵਿਸ਼ਲੇਸ਼ਣ ਕਰਦਾ ਹੈ। ਉਸ ਦਾ ਇਹ ਸਵੈ-ਚਿੰਤਨ ਉਸ ਨੂੰ ਕਿਸੇ ਨਾਲੋਂ ਤੋੜਦਾ ਨਹੀਂ, ਸੰਨਿਆਸੀ ਨਹੀਂ ਬਣਾਉਂਦਾ, ਵੈਰਾਗ ਵਿੱਚ ਲੈ ਕੇ ਨਹੀਂ ਜਾਂਦਾ, ਸਗੋਂ ਸਮ-ਭਾਵ ਤੇ ਸਮਤਾ-ਭਾਵ ਵਿੱਚ ਦਵੈਤ ਨੂੰ ਖ਼ਤਮ ਕਰਦਾ ਹੈ। ਇਹ ਦਵੈਤ ਨਿੱਜਤਾ ਨੂੰ ਪੈਦਾ ਕਰਦੀ ਹੈ। ਉਹ ਨਿੱਜਤਾ ਜਿਹੜੀ ਪਦਾਰਥ ਇਕੱਠਾ ਕਰਨ ਲਈ ਲਲਚਾਉਂਦੀ ਹੈ। ਇਸ ਦੇ ਵਿਪਰੀਤ ਅਦਵੈਤ ਦੂਈ ਨੂੰ ਖਤਮ ਕਰਕੇ ਆਪਣਾਪਨ ਅਹੰਮ ਦਾ ਭਾਵ ਆਪਣੇਪਨ ਦਾ ਭਾਵ ਪੈਦਾ ਕਰਦਾ ਹੈ, ਜਿੱਥੇ ਪਹੁੰਚ ਕੇ ਕੋਈ ਵੀ ਬੇਗਾਨਾ ਨਹੀਂ, ਸਭ ਆਪਣਾ ਹੀ ਹੈ, ਦੀ ਭਾਵਨਾ ਦਾ ਸੰਚਾਰ ਹੁੰਦਾ ਹੈ। ਇਹੀ ਉਹ ਮਾਰਗ ਹੈ ਜਿਹੜਾ ਕਰਮਸ਼ੀਲ ਬਣਨ ਲਈ ਪ੍ਰੇਰਿਤ ਕਰਦਾ ਹੈ। ਇਸੇ ਕਰਮਸ਼ੀਲਤਾ ਵਿੱਚੋਂ ਰਾਜਨਬੀਰ ਨੇ ਹਰ ਬੁਰਾਈ ਨੂੰ ਇਛਾਈ ਵਿੱਚ ਤਬਦੀਲ ਕਰ ਦਿੱਤਾ। ਇਹ ਤਬਦੀਲੀ ਆਪਣੇ-ਆਪ ਨੂੰ ਸਾਧ ਕੇ, ਸੋਧ ਕੇ ਅਤੇ ਸੰਪੂਰਨ ਸਮਰਪਣ ਭਾਵ ਵਿੱਚ ਸਹਿਜ ਸੁਭਾਇ ਫੁੱਟਦੀ ਹੈ। ਹਰ ਪੱਧਰ 'ਤੇ ਹਰ ਖ਼ੇਤਰ ਵਿੱਚ ਨਿਰਾਸ਼ਾਵਾਦ ਤੇ ਨਕਾਰਾਤਮਕਤਾ ਨੂੰ ਸਕਾਰਾਤਮਕ ਊਰਜਾ 'ਚ ਪਰਿਵਰਤਤ ਕਰਨ ਦਾ ਮਾਰਗ ਪ੍ਰਦਾਨ ਕਰਦੀ ਹੈ। ਜਿਸ ਵਿੱਚ ਉਸ ਤਰ੍ਹਾਂ ਦੀ ਵਿਵਸਥਾ ਉਪਜਦੀ ਹੈ, ਜਿਹੜੀ ਸਮਾਜ ਨੂੰ ਨਵੀ ਦਿਸ਼ਾ ਤੇ ਦਸ਼ਾ ਪ੍ਰਦਾਨ ਕਰਦੀ ਹੋਵੇ।

ਅਮਲੀ ਪੱਧਰ 'ਤੇ ਰਾਜਨਬੀਰ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ ਅਤੇ ਸਰਕਾਰੀ ਤੰਤਰ ਵਿੱਚ ਵਿਚਰ ਰਹੀਆਂ ਹਰ ਖੇਤਰ ਦੀਆਂ ਕੂਟਨੀਤਿਕ ਚਾਲਾਂ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਇਸ ਲਈ ਉਸ ਨੇ ਇਸ ਬੁਰਾਈ ਨੂੰ ਇਛਾਈ ਵਿੱਚ ਪਰਿਵਰਤਿਤ ਕਰਨ ਦਾ ਦ੍ਰਿੜ ਸੰਕਲਪ ਕੀਤਾ। ਇੱਕ ਸਮਾਂ ਸੀ, ਜਦੋਂ ਉਹ ਆਪ ਵੀ ਇਸ ਦੀ ਗ੍ਰਿਫ਼ਤ ਵਿਚ ਗ੍ਰਸਤ ਸੀ। ਪ੍ਰੰਤੂ ਉਸ ਨੇ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ ਇੱਕ ਚੰਗੇ ਭਵਿੱਖ ਦੀ ਆਸ਼ਾਵਾਦੀ ਕਿਰਨ ਨਾਲ ਕਮਲ ਐਜੂਕੇਅਰ ਸੰਸਥਾਨ ਬਮਲਾੜਾ ਵਿਖੇ ਇੱਕ ਸ਼ਿਕਸ਼ਾ ਸੰਸਥਾਨ ਸੇਵਾ ਆਸ਼ਰਮ ਆਰੰਭ ਕੀਤਾ। ਰਾਜਨਬੀਰ ਦੇ ਦੱਸਣ ਅਨੁਸਾਰ,

*ਇਹ ਕੇਵਲ ਸੇਵਾ ਆਸ਼ਰਮ ਏ, ਜਿਸ ਵਿੱਚ ਜਨ ਸਧਾਰਨ ਦੀਆਂ ਮੁਢਲੀਆਂ ਲੋੜਾਂ ਦੀ ਘਾਟ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਅਤੇ ਦੇਸ਼ ਦੇ ਭਵਿੱਖ ਦੀ ਉਜਵਲਤਾ ਲਈ ਬੱਚਿਆਂ ਦੀ ਪਨੀਰੀ ਤਿਆਰ ਕੀਤੀ ਜਾ ਰਹੀ ਏ। ਜਿਨਾਂ ਲਈ ਸ਼ਿਕਸ਼ਾ ਕੇਵਲ ਉੱਚ ਨੌਕਰੀ ਜਾਂ ਪੈਸਾ ਕਮਾਉਣ ਦਾ ਸਾਧਨ ਨਹੀਂ, ਬਲਕਿ ਮਾਨਵੀ ਮੁੱਲਾਂ ਨੂੰ ਪ੍ਰਫੁੱਲਿਤ ਕਰਨ ਦਾ ਜ਼ਰੀਆ ਹੋਵੇ।* [8]

ਇਸ ਦੇ ਨਾਲ ਹੀ ਪ੍ਰੋਫੈਸ਼ਨਲ ਵਿਸ਼ੇ ਖੇਤਰਾਂ ਦੀ ਪੜ੍ਹਾਈ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਆਂਧਰਾ ਪ੍ਰਦੇਸ਼ ਦਾ ਸਭ ਤੋਂ ਪਿਛੜਿਆ ਰੋਇਲ ਸੀਮਾ ਖੇਤਰ ਜਿੱਥੇ ਤਿੰਨ-ਤਿੰਨ ਸਾਲ ਬਾਰਿਸ਼ ਨਹੀਂ ਹੁੰਦੀ ਖੁਸ਼ਕ ਹੋਣ ਕਾਰਨ ਕਾਲ ਗ੍ਰਸਤ

ਰਹਿੰਦਾ ਹੈ। ਇਸ ਪਿੰਡ ਵਿੱਚ ਪਾਣੀ ਦੀ ਕਮੀ, ਗਰੀਬੀ, ਕੱਚੇ ਘਰ ਤੇ ਕੋਈ ਵੀ ਸੁਵਿਧਾ ਨਹੀਂ ਸੀ, ਨੂੰ ਹੌਲੀ-ਹੌਲੀ ਵਿਕਾਸ ਖੇਤਰ ਵਿੱਚ ਤਬਦੀਲ ਕੀਤਾ ਗਿਆ। ਰੋਇਲ ਸੀਮਾ ਤੋਂ ਬਾਹਰ, ਚੇਨਈ, ਮੇਦਕ ਜਿਲ੍ਹਾ ਈਸਟ, ਗੋਦਾਵਰੀ ਅਤੇ ਬਾਅਦ ਵਿੱਚ ਵੈਸਟ ਗੋਦਾਵਰੀ ਆਦਿ ਦੇ ਪੰਜ ਪ੍ਰੋਜੈਕਟ ਸੰਸਥਾ ਵੱਲੋਂ ਕਰੋੜਾਂ ਰੁਪਏ ਲਗਾ ਕੇ ਤਿਆਰ ਕੀਤੇ ਗਏ। ਇਸ ਤੋਂ ਇਲਾਵਾ ਹਸਪਤਾਲ ਤੇ ਸਕੂਲ ਵੀ ਖੋਲੇ ਗਏ, ਜਿੱਥੇ ਗਰੀਬਾਂ ਨੂੰ ਬਿਨਾਂ ਕਿਸੇ ਕੀਮਤ ਤੋਂ ਸਿਹਤ ਤੇ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ। ਰਾਜਨਬੀਰ ਅਤੇ ਉਸ ਦੇ ਸਾਥੀਆਂ ਵੱਲੋਂ ਕੀਤੇ ਜਾ ਰਹੇ ਸਮਾਜਿਕ ਭਲਾਈ ਦੇ ਕਾਰਜ ਅਮਲੀ ਪੱਧਰ ਉੱਤੇ ਅਜਿਹੇ ਸਮਾਜ ਦੀ ਸਿਰਜਣਾ ਕਰਨ ਦੀ ਇੱਛੁਕ ਹਨ, ਜਿਸ ਵਿੱਚ ਹਰ ਉਸ ਲੋੜਵੰਦ ਵਿਅਕਤੀ ਨੂੰ ਉਹ ਮੁਢਲੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ, ਜਿਨਾਂ ਦੇ ਉਹ ਅਧਿਕਾਰੀ ਹਨ। ਅਜਿਹੇ ਸੱਭਯ ਸਮਾਜ ਦੀ ਵਿਵਸਥਾ ਵਿੱਚ ਕਿਧਰੇ ਕੋਈ ਭੇਦ-ਭਾਵ, ਊਚ-ਨੀਚ, ਜਾਤ-ਪਾਤ, ਧਰਮ, ਮਜ਼ਹਬ ਦਾ ਕੋਈ ਪਹਿਚਾਣ ਚਿਹਨ ਨਹੀਂ, ਸਗੋਂ ਮਾਨਵਤਾ ਦੀ ਭਲਾਈ ਕਰਨਾ ਹੀ ਉਹਨਾਂ ਦਾ ਕਰਮ ਹੈ।

*ਰਾਜਨਬੀਰ ਦੇ ਅਜਿਹੇ ਕਰਮ ਤੇ ਸਾਧਨਾ ਉੱਤੇ ਕੁਝ ਸਕਾਲਰਾਂ ਅਤੇ ਪ੍ਰੋਫੈਸਰ ਸਹਿਬਾਨ ਵਲੋਂ ਕਟਾਕਸ਼ ਕੀਤਾ ਕਿ ਇਹ ਕੇਵਲ ਆਦਰਸ਼ਵਾਦ ਏ, ਯਥਾਰਥ ਨਹੀਂ ਅਤੇ ਨਾ ਹੀ ਇਸ ਨੂੰ ਆਪ ਜੀਵਨ ਨਾਲ ਜੁੜੀ ਵਾਸਤਵਿਕ ਜੀਵਨ ਸ਼ੈਲੀ ਮੰਨ ਸਕਦੇ ਹੋ। ਹੱਦ ਕਰ ਦਿੱਤੀ ਏ, ਇਹਨਾਂ ਵੱਡੇ ਭੜਾਕੂਆਂ ਨੇ ਤਾਂ, ਇਹੋ ਤੇ ਸਾਡਾ ਸੱਭਿਆਚਾਰ ਸੀ, ਜਿਸ ਲਈ ਅਸੀਂ ਜੀਂਦੇ ਸਾਂ, ਅਤੇ ਲੋੜ ਵੇਲੇ ਮਰਦੇ ਵੀ ਸਾਂ। ਪੁੱਤਰ ਰਾਜਨ, ਤੂੰ ਆਪਣਾ ਕੰਮ ਜਾਰੀ ਰੱਖ, ਐਵੀ ਨਾ ਇਹਨਾਂ ਵਿਹਲਿਆਂ ਭੜਾਕੂਆਂ ਦੀਆਂ ਗੱਲਾਂ ਵੱਲ ਧਿਆਨ ਦੇਵੀ। ਭਾਈਆ ਜੀ ਨੇ ਰਾਜਨ ਨੂੰ ਇਹ ਕਹਿ ਕੇ ਥਾਪੀ ਦਿੱਤੀ।* [9]

ਭਾਈਆ ਜੀ ਵੱਲੋਂ ਕਹੇ ਗਏ ਇਹ ਸ਼ਬਦ, ਇਹੋ ਤੇ ਸਾਡਾ ਸੱਭਿਆਚਾਰ ਸੀ। ਅਸਲ ਵਿੱਚ ਸ਼ਬਦ ਜਾਲ ਦੇ ਮਾਇਆਵਾਦੀ ਸਿਧਾਂਤਾਂ ਤੇ ਪਰਿਭਾਸ਼ਾਵਾਂ ਉੱਤੇ ਕਰਾਰੀ ਚੋਟ ਕਰਦੇ ਹਨ। ਸਮਾਜਿਕ ਭਲਾਈ ਦੇ ਕਾਰਜਾਂ ਨੂੰ ਅਮਲੀ ਪੱਧਰ ਉੱਤੇ ਕਰ ਰਹੇ ਵਿਅਕਤੀਆ ਦੀ ਕਰਮ ਸਾਧਨਾ ਨੂੰ ਆਦਰਸ਼ਵਾਦੀ ਸਿਧਾਂਤਾਂ ਦੇ ਤਰਾਜੂ ਵਿੱਚ ਤੋਲ ਕੇ ਅੱਖੋਂ-ਪਰੋਖੇ ਤਾਂ ਕਰ ਸਕਦੇ ਹਾਂ, ਪ੍ਰੰਤੂ ਉਹਨਾਂ ਵੱਲੋਂ ਕੀਤੇ ਜਾ ਰਹੇ ਕਾਰਜਾਂ ਦਾ ਵਾਸਤਵਿਕ ਪੱਧਰ ਉੱਤੇ ਜਦੋਂ ਅਧਿਐਨ, ਪਰਖ-ਪੜਚੋਲ ਤੇ ਨਿਰੀਖਣ ਕਰਦੇ ਹਾਂ, ਤਾਂ ਉਸ ਤੋਂ ਜੋ ਕਰੋੜਾਂ ਲੋੜਵੰਦ ਲੋਕ ਜਿਹੜੇ ਲਾਭ ਉਠਾ ਚੁੱਕੇ ਹਨ ਉਹਨਾਂ ਨੂੰ ਕੀ ਕਹਾਂਗੇ? ਵਾਸਤਵਿਕ ਪੱਧਰ ਉੱਤੇ ਆਦਰਸ਼ਵਾਦ ਠੋਸ ਰੂਪ ਵਿੱਚ ਨਜ਼ਰੀ ਆਉਂਦਾ ਹੈ, ਜੋ ਯਥਾਰਥਕ ਸਥਿਤੀਆਂ ਵਿੱਚੋਂ ਫੁੱਟਦਾ ਹੈ।

ਵਾਸਤਵ ਵਿੱਚ ਨਾਵਲਕਾਰ ਨੇ ਇਸ ਗਲਪੀ ਵਿਵੇਕ ਦੁਆਰਾ ਸਮਾਜਿਕ ਪੱਧਰ ਉੱਤੇ ਫ਼ੈਲੀਆਂ ਹਰ ਤਰ੍ਹਾਂ ਦੀਆਂ ਕਰੂਰਤਾਵਾਂ ਤੇ ਕੁਰੀਤੀਆਂ ਨੂੰ ਦੂਰ ਕਰਨ ਦਾ ਜਿਹੜਾ ਮਾਡਲੀ ਰੂਪ ਪ੍ਰਦਾਨ ਕੀਤਾ ਹੈ, ਉਹ ਹੈ ਸਿੱਖਿਅਕ ਢਾਂਚਾ। ਕਿਸੇ ਵੀ ਸੱਭਿਅਕ ਸਮਾਜ ਨੂੰ ਸਮਰਿੱਧ ਤੇ ਸ਼ਕਤੀਸ਼ਾਲੀ ਹੋਣ ਦੇ ਨਾਲ-ਨਾਲ ਨੈਤਿਕ ਮੁੱਲ ਪ੍ਰਬੰਧ ਦਾ ਹੋਣਾ ਵੀ ਅਤਿ ਜ਼ਰੂਰੀ ਹੈ, ਤਾਂ ਕਿ ਉਸ ਨੂੰ ਸੰਗਠਿਤ ਤੇ ਵਿਵਸਥਿਤ ਰੱਖਿਆ ਜਾ ਸਕੇ। ਨਾਵਲ ਵਿਚਲੇ ਇਤਿਹਾਸਿਕ ਤੱਥਾਂ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ, ਜਿਹੜੀ ਪੁਰਾਣੀ ਸਿੱਖਿਆ ਨੀਤੀ ਦਾ ਥੰਮ ਸੀ। ਪ੍ਰੰਤੂ ਸਮੇਂ ਦੀ ਗੁਲਾਮੀਅਤ ਨੇ ਭਾਰਤ ਦੇ ਸਿੱਖਿਅਕ ਢਾਂਚੇ ਦਾ ਨਾਸ਼ ਕੀਤਾ ਤੇ ਜਬਰੀ ਆਪਣੀਆਂ ਨੀਤੀਆਂ ਥੋਪੀਆਂ। ਨਾਵਲਕਾਰ ਨੇ ਆਪਣੀ ਵਿਗਿਆਨਕ ਦ੍ਰਿਸ਼ਟੀ ਰਾਹੀਂ ਉਪਰੋਕਤ ਸਮੱਸਿਆਵਾਂ ਦੇ ਹੱਲ ਲਈ ਅਤੇ ਅਮਲੀ ਪੱਧਰ 'ਤੇ ਸੱਭਯ ਸਮਾਜ ਬਣਾਉਣ ਲਈ ਨੈਤਿਕ ਕਦਰਾਂ-ਕੀਮਤਾਂ ਅਤੇ ਮੁੱਲ ਪ੍ਰਬੰਧ ਨਾਲ ਪ੍ਰਨਾਈ ਸਿੱਖਿਆ ਨੂੰ ਕੇਂਦਰ ਵਿੱਚ ਰੱਖਿਆ ਹੈ। ਆਸ਼ਾ ਦੀ ਕਿਰਨ ਨੂੰ ਸਾਕਾਰ ਰੂਪ ਪ੍ਰਦਾਨ ਕਰਨ ਦਾ ਮਾਧਿਅਮ ਸਿੱਖਿਆ ਹੀ ਹੈ, ਜਿਸ ਦੀ ਆਸ਼ਾ ਵਿੱਚ ਉਜਵਲ ਭਵਿੱਖ ਦੀ ਕਾਮਨਾ ਕੀਤੀ ਜਾ ਸਕਦੀ ਹੈ। ਨਾਵਲਕਾਰ ਨੇ ਆਪਣੇ ਇਸ ਗਲਪੀ ਬਿਰਤਾਂਤ ਵਿੱਚ ਦੇਸ਼ ਨਹੀਂ, ਸਗੋਂ ਵਿਸ਼ਵ-ਵਿਆਪੀ ਵਰਤਾਰੇ 'ਚ ਵਾਪਰ ਰਹੀ ਸਮਕਾਲੀ ਸੰਕਟ ਦੀ ਪੇਸ਼ਕਾਰੀ ਕੀਤੀ ਹੈ। ਇਸ ਦਾ ਹੱਲ ਸਿੱਖਿਆ ਪ੍ਰਣਾਲੀ ਦੁਆਰਾ ਸੰਭਵ ਹੋ ਸਕਦਾ ਹੈ, ਪਰ ਇਸ ਦੇ ਯਤਨ ਕਰਨ ਵਾਲਾ ਰਾਜਨਬੀਰ ਵਰਗਾ ਵਿਰਲਾ ਯਥਾਰਥ ਅਸੰਭਵ ਨਹੀਂ ਲਗਦਾ, ਇਹੀ ***ਉੱਜਵਲ ਆਸ਼ਾ*** ਦੀ ਕਿਰਨ ਹੈ।

## *ਹਵਾਲੇ ਅਤੇ ਟਿੱਪਣੀਆਂ*


1. ਬਿਬਰਾ, ਰਾਜਿੰਦਰ, *ਉੱਜਵਲ ਆਸ਼ਾ*, ਪੰਨਾ-
2. ਉਹੀ, ਪੰਨਾ-
3. ਉਹੀ, ਪੰਨਾ-70
4. ਉਹੀ, ਪੰਨਾ-83
5. ਉਹੀ, ਪੰਨਾ-72
6. ਉਹੀ, ਪੰਨਾ-73

7. ਉਹੀ, ਪੰਨਾ-78
8. ਉਹੀ, ਪੰਨਾ-128
9. ਉਹੀ, ਪੰਨਾ-129

***Cite this Article-***

ਡਾ. ਲਖਵੀਰ ਲੈਜ਼ੀਆ (Dr. Lakhvir Lezia), ਸੱਭਿਅਕ ਸਮਾਜ ਦੀ ਸਿੱਖਿਆ ਪ੍ਰਣਾਲੀ ਦਾ ਸਰੂਪ : ਉੱਜਵਲ ਆਸ਼ਾ (SABHIYAK SMAJ DI SIKHIA PARNALI DA SAROOP: UJVAL ASHA), *ਅਰਮਾਨ (ARMAAN), ISSN: 2583-9446 (O), Volume 3, Issue 3, July-September 2025, Page: 42-48.*

***Journal URL:*** www.armaan.org.in

**DOI:** https://doi.org/10.64119/armaan.vol.3.issue3.07

*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*